Ontario

# NEWS RELEASE

Ministry of Health and Long-Term Care

## ਮਰੀਜ਼ਾਂ ਦੀ ਇਲਾਜ ਤੱਕ ਪਹੁੰਚ ਅਤੇ ਤਜਰਬੇ ਵਿਚ ਹੋਰ ਸੁਧਾਰ ਕਰਨ ਲਈ ਓਨਟੇਰੀਓ ਕਾਨੂੰਨ ਪੇਸ਼ ਕਰ ਰਿਹਾ ਹੈ

*ਪੇਸ਼ੈਂਟਸ ਫਸਟ ਐਕਟ ਸਿਹਤ ਸੰਭਾਲ ਲਈ ਐਕਸ਼ਨ ਪਲੈਨ 'ਦੀ ਮਦਦ ਕਰੇਗਾ*

**ਖਬਰ** 2 ਜੂਨ, 2016

ਓਨਟੇਰੀਓ ਨੇ ਅੱਜ ਨਵਾਂ ਕਾਨੂੰਨ ਪੇਸ਼ ਕੀਤਾ ਜਿਹੜਾ ਜੇ ਪਾਸ ਹੋ ਗਿਆ, ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇਲਾਜ ਤੱਕ ਤੇਜ਼ ਅਤੇ ਬਿਹਤਰ ਪਹੁੰਚ ਪ੍ਰਦਾਨ ਕਰਕੇ ਅਤੇ ਉਨ੍ਹਾਂ ਨੂੰ ਅਸਲ ਵਿਚ ਸਮੁੱਚੇ ਹੈਲਥ ਸਿਸਟਮ ਦੇ ਕੇਂਦਰ ਵਿਚ ਰੱਖ ਕੇ ਸਿਹਤ ਸੰਭਾਲ ਦੀਆਂ ਸੇਵਾਵਾਂ ਤੱਕ ਪਹੁੰਚ ਵਿਚ ਸੁਧਾਰ ਕਰੇਗਾ।

ਪੇਸ਼ੈਂਟਸ ਫਸਟ ਐਕਟ (ਮਰੀਜ਼ ਪਹਿਲਾਂ ਐਕਟ) ਓਨਟੇਰੀਓ ਦੇ 14 ਲੋਕਲ ਹੈਲਥ ਇਨਟੈਗਰੇਸ਼ਨ ਨੈੱਟਵਰਕਸ (ਐੱਲ ਐੱਚ ਆਈ ਐੱਨਜ਼) ਦੇ ਰੋਲ ਨੂੰ ਵਧਾਏਗਾ, ਜਿਸ ਵਿਚ ਮੁਢਲੇ ਇਲਾਜ ਅਤੇ ਘਰ ਅਤੇ ਕਮਿਊਨਟੀ ਵਿਚ ਸੰਭਾਲ ਵੀ ਸ਼ਾਮਲ ਹਨ। ਇਹ ਮੂਹਰਲੀ ਲਾਈਨ ਦੀਆਂ ਸੇਵਾਵਾਂ ਦੀ ਵਿਉਂਤਬੰਦੀ ਅਤੇ ਵੰਡ ਵਿਚ ਸੁਧਾਰ ਅਤੇ ਏਕੀਕਰਨ ਕਰੇਗਾ ਅਤੇ ਮੌਜੂਦਾ ਸਿਸਟਮ ਦੇ ਵਿਚ ਮਰੀਜ਼ਾਂ ਦੀ ਸੰਭਾਲ ਲਈ ਫੰਡ ਦੇਣ ਵਿਚ ਕਾਰਗਰਤਾ ਨੂੰ ਵਧਾਏਗਾ।

ਸਿਸਟਮ-ਪੱਧਰ ਦੀਆਂ ਤਬਦੀਲੀਆਂ ਦਾ ਮਤਲਬ ਸੰਭਾਲ ਤੱਕ ਸੌਖੀ ਪਹੁੰਚ, ਸੰਭਾਲ ਦਾ ਬਿਹਤਰ ਤਾਲਮੇਲ ਅਤੇ ਲਗਾਤਾਰਤਾ, ਅਤੇ ਸਭਿਆਚਾਰ ਅਤੇ ਭਾਸ਼ਾ ਮੁਤਾਬਕ ਢੁਕਵੀਆਂ ਸੇਵਾਵਾਂ ਵੱਲ ਜ਼ਿਆਦਾ ਧਿਆਨ ਹੋਵੇਗਾ। ਇਹ ਤਬਦੀਲੀਆਂ ਇਹ ਕਰਕੇ ਐਕਸ਼ਨ ਪਲੈਨ ਦੀ ਮਦਦ ਕਰਨਗੀਆਂ:

- ਮਰੀਜ਼ਾਂ ਲਈ ਮੁਢਲੇ ਇਲਾਜ ਤੱਕ ਪਹੁੰਚ ਵਿਚ ਸੁਧਾਰ ਕਰਕੇ - ਜਿਵੇਂ ਕਿ ਫੋਨ ਕਰਨ ਲਈ ਇੱਕੋ ਨੰਬਰ ਜੇ ਉਨ੍ਹਾਂ ਨੂੰ ਘਰ ਦੇ ਨੇੜੇ ਨਵਾਂ ਫੈਮਿਲੀ ਡਾਕਟਰ ਲੱਭਣ ਦੀ ਲੋੜ ਹੋਵੇ।
- ਮੁਢਲੀ ਸਿਹਤ ਸੰਭਾਲ, ਹਸਪਤਾਲਾਂ ਅਤੇ ਘਰ ਅਤੇ ਕਮਿਊਨਟੀ ਵਿਚ ਸੰਭਾਲ ਦੀਆਂ ਸੇਵਾਵਾਂ ਵਿਚਕਾਰ ਸਥਾਨਕ ਸੰਬੰਧ ਅਤੇ ਸੰਚਾਰ ਵਿਚ ਸੁਧਾਰ ਕਰਕੇ ਤਾਂ ਜੋ ਇਹ ਪੱਕਾ ਹੋਵੇ ਕਿ ਪਹੁੰਚ ਜ਼ਿਆਦਾ ਬਰਾਬਰ ਦੀ ਹੈ ਅਤੇ ਮਰੀਜ਼ ਦਾ ਅਨੁਭਵ ਵਧੀਆ ਹੈ।
- ਇਹ ਪੱਕਾ ਕਰਕੇ ਕਿ ਮਰੀਜ਼ਾਂ ਨੂੰ ਆਪਣੀ ਕਹਾਣੀ ਸਿਰਫ ਇਕ ਵਾਰੀ ਦੱਸਣ ਦੀ ਲੋੜ ਹੈ, ਸਿਹਤ ਸੇਵਾਵਾਂ ਪ੍ਰਦਾਨ ਕਰਨ ਵਾਲਿਆਂ ਨੂੰ ਇਸ ਚੀਜ਼ ਦੇ ਯੋਗ ਬਣਾ ਕੇ ਕਿ ਉਹ ਆਪਣੀ ਸਿਹਤ ਸੰਭਾਲ ਦੀਆਂ ਪਲੈਨਾਂ ਨੂੰ ਸਾਂਝੀਆਂ ਕਰਨ ਅਤੇ ਅਪਡੇਟ ਕਰਨ।
- ਡਾਕਟਰਾਂ, ਨਰਸਾਂ ਅਤੇ ਹੋਰ ਮੁਢਲੀ ਸੰਭਾਲ ਪ੍ਰਦਾਨ ਕਰਨ ਵਾਲਿਆਂ ਲਈ ਆਪਣੇ ਮਰੀਜ਼ਾਂ ਨੂੰ ਉਸ ਸਿਹਤ ਸੰਭਾਲ ਨਾਲ ਜੋੜਨਾ ਸੌਖਾ ਬਣਾ ਕੇ ਜਿਸ ਦੀ ਉਨ੍ਹਾਂ ਨੂੰ ਲੋੜ ਹੈ।
- ਗੰਭੀਰ (ਅਕਿਊਟ), ਮੁਢਲੀ, ਘਰ ਅਤੇ ਕਮਿਊਨਟੀ ਵਿਚ ਸੰਭਾਲ, ਮਾਨਸਿਕ ਸਿਹਤ ਅਤੇ ਨਸ਼ਿਆਂ ਦੀਆਂ ਆਦਤਾਂ, ਅਤੇ ਲੰਬੇ ਸਮੇਂ ਲਈ ਸੰਭਾਲ ਦੀਆਂ ਸੇਵਾਵਾਂ ਵਿਚਕਾਰ ਮਰੀਜ਼ਾਂ ਦੀ ਨਿਰਵਿਘਨ ਤਬਦੀਲੀ ਪ੍ਰਦਾਨ ਕਰਕੇ।
- ਸੂਬੇ ਭਰ ਵਿਚ ਘਰ ਅਤੇ ਕਮਿਊਨਟੀ ਵਿਚ ਸੰਭਾਲ ਦੀ ਇਕਸਾਰਤਾ ਵਿਚ ਸੁਧਾਰ ਕਰਕੇ ਤਾਂ ਜੋ ਲੋਕਾਂ ਨੂੰ ਇਹ ਪਤਾ ਹੋਵੇ ਕਿ ਉਨ੍ਹਾਂ ਨੇ ਕੀ ਉਮੀਦ ਰੱਖਣੀ ਹੈ, ਅਤੇ ਉਨ੍ਹਾਂ ਨੂੰ ਚੰਗੀ ਸੰਭਾਲ ਮਿਲੇ ਭਾਵੇਂ ਉਹ ਸੂਬੇ ਵਿਚ ਕਿਤੇ ਵੀ ਰਹਿੰਦੇ ਹੋਣ।
- ਕਾਰਗੁਜ਼ਾਰੀ 'ਤੇ ਨਿਗਰਾਨੀ ਨਾਲ ਸਿਹਤ ਸੇਵਾਵਾਂ ਦੀ ਪਲੈਨਿੰਗ ਅਤੇ ਜਵਾਬਦੇਹੀ ਨੂੰ ਮਜ਼ਬੂਤ ਕਰਕੇ।
- ਇਹ ਯਕੀਨੀ ਬਣਾ ਕੇ ਕਿ ਜਨਤਕ ਸਿਹਤ ਦੀ ਆਵਾਜ਼ ਹੈਲਥ ਸਿਸਟਮ ਦੀ ਵਿਉਂਤਬੰਦੀ ਵਿਚ ਸੁਣੀ ਜਾਵੇ ਅਤੇ ਅਜਿਹਾ ਐੱਲ ਐੱਚ ਆਈ ਐੱਨਜ਼ ਅਤੇ ਲੋਕਲ ਬੋਰਡਜ਼ ਔਫ ਹੈਲਥ ਵਿਚਕਾਰ ਸੰਬੰਧ ਸਥਾਪਤ ਕਰਕੇ ਕੀਤਾ ਜਾ ਰਿਹਾ ਹੈ।
- ਲੋਕਲ ਹੈਲਥ ਕੇਅਰ ਦੀ ਵਿਉਂਤਬੰਦੀ ਵਿਚ ਮਦਦ ਕਰਕੇ ਤਾਂ ਜੋ ਇਹ ਪੱਕਾ ਹੋਵੇ ਕਿ ਫੈਸਲੇ ਉਨ੍ਹਾਂ ਲੋਕਾਂ ਵਲੋਂ ਕੀਤੇ ਜਾ ਰਹੇ ਹਨ ਜਿਹੜੇ ਆਪਣੇ ਇਲਾਕਿਆਂ ਦੀਆਂ ਲੋੜਾਂ ਨੂੰ ਸਭ ਤੋਂ ਬਿਹਤਰ ਸਮਝਦੇ ਹਨ, ਅਤੇ ਐੱਲ ਐੱਚ ਆਈ ਐੱਨਜ ਬੋਰਡ ਉਨ੍ਹਾਂ ਇਲਾਕਿਆਂ ਦਾ ਅਕਸ ਦਿਖਾਉਂਦੇ ਹਨ ਜਿਨ੍ਹਾਂ ਦੀ ਉਹ ਸੇਵਾ ਕਰਦੇ ਹਨ।

ਇਹ ਨਵਾਂ ਕਾਨੂੰਨ ਮਰੀਜ਼ ਪਹਿਲਾਂ: ਸਿਹਤ ਸੰਭਾਲ ਲਈ ਐਕਸ਼ਨ ਪਲੈਨ Patients First: Action Plan for Health Care ਦੀ ਮਦਦ ਕਰੇਗਾ - ਜੋ ਕਿ ਹੈਲਥ ਕੇਅਰ ਦੀ ਕਾਇਆ-ਕਲਪ ਕਰਨ ਲਈ ਓਨਟੇਰੀਓ ਦੀ ਪਲੈਨ ਹੈ, ਜਿਸ ਵਿਚ ਘਰ ਅਤੇ ਕਮਿਊਨਟੀ ਵਿਚ ਸੰਭਾਲ ਤੱਕ ਪਹੁੰਚ ਵਧਾਉਣਾ ਅਤੇ ਇਹ ਪੱਕਾ ਕਰਨਾ ਸ਼ਾਮਲ ਹੈ ਕਿ ਹਰ ਇਕ ਓਨਟੇਰੀਅਨ ਦੀ ਡਾਕਟਰ ਤੱਕ ਪਹੁੰਚ ਹੋਵੇ।

ਓਨਟੇਰੀਓ ਫਸਟ ਨੇਸ਼ਨਜ਼, ਮੀਟਿਸ, ਇਨੂਇਟ ਅਤੇ ਸ਼ਹਿਰੀ ਅਬਰਿਜਨਲ ਹਿੱਸੇਦਾਰਾਂ ਅਤੇ ਸਿਹਤ ਸੇਵਾਵਾਂ ਦੇਣ ਵਾਲਿਆਂ ਨਾਲ ਇਹ ਯਕੀਨੀ ਬਣਾਉਣ ਲਈ ਕੰਮ ਕਰਨਾ ਜਾਰੀ ਰੱਖੇਗਾ ਕਿ ਉਨ੍ਹਾਂ ਦੀ ਗੱਲ ਸੁਣੀ ਜਾ ਰਹੀ ਹੈ, ਖਾਸ ਕਰਕੇ ਉਨ੍ਹਾਂ ਸੇਵਾਵਾਂ ਤੱਕ ਬਰਾਬਰ ਦੀ ਪਹੁੰਚ ਦੇ ਸੰਬੰਧ ਵਿਚ ਜਿਹੜੀਆਂ ਉਨ੍ਹਾਂ ਦੀਆਂ ਵਿਲੱਖਣ ਲੋੜਾਂ ਪੂਰੀਆਂ ਕਰਦੀਆਂ ਹਨ।

ਓਨਟੇਰੀਓ ਅਬਰਿਜਨਲ ਹਿੱਸੇਦਾਰਾਂ ਨੂੰ ਸਮਾਨਾਂਤਰ ਅਮਲਾਂ ਰਾਹੀਂ ਅਰਥਭਰਪੂਰ ਸ਼ਮੂਲੀਅਤ ਕਰਵਾਉਣ ਦੀ ਆਪਣੀ ਵਚਨਬੱਧਤਾ ਨੂੰ ਪੂਰਾ ਕਰੇਗਾ ਜੋ ਕਿ ਸਾਂਝੇ ਤੌਰ 'ਤੇ ਉਨ੍ਹਾਂ ਲੋੜਾਂ ਦੀ ਪਛਾਣ ਕਰਨਗੇ ਜਿਹੜੀਆਂ ਜਵਾਬੀ ਅਤੇ ਪਰਿਵਰਤਨਸ਼ੀਲ ਤਬਦੀਲੀ ਲਈ ਜ਼ਰੂਰੀ ਹਨ। ਓਨਟੇਰੀਓ ਇਹ ਯਕੀਨੀ ਬਣਾਉਣ ਲਈ ਵੀ ਵਚਨਬੱਧ ਹੈ ਕਿ ਕੋਈ ਵੀ ਤਜਵੀਜ਼ਸ਼ੁਦਾ ਤਬਦੀਲੀਆਂ ਸੰਭਾਲ ਤੱਕ ਉਨ੍ਹਾਂ ਦੀ ਮੌਜੂਦਾ ਜਾਂ ਭਵਿੱਖ ਦੀ ਪਹੁੰਚ 'ਤੇ ਕੋਈ ਵੀ ਨਾਂਹਪੱਖੀ ਅਸਰ ਨਹੀਂ ਪਾਉਣਗੀਆਂ।

*ਪੇਸ਼ੈਂਟਸ ਫਸਟ ਐਕਟ* ਓਨਟੇਰੀਓ ਨੂੰ ਬਿਹਤਰ ਬਣਾਉਣ ਲਈ ਸਰਕਾਰ ਦੀ ਵਿਉਂਤ ਦਾ ਅਗਲਾ ਕਦਮ ਹੈ ਅਤੇ ਅਜਿਹਾ ਮਰੀਜ਼ਾਂ ਦੀ ਸਹੀ ਸੰਭਾਲ ਤੱਕ ਤੇਜ਼ ਪਹੁੰਚ, ਘਰ ਅਤੇ ਕਮਿਊਨਟੀ ਵਿਚ ਬਿਹਤਰ ਸੰਭਾਲ, ਅਤੇ ਉਹ ਜਾਣਕਾਰੀ ਪ੍ਰਦਾਨ ਕਰਕੇ ਕੀਤਾ ਜਾ ਰਿਹਾ ਹੈ ਜਿਸ ਦੀ ਉਨ੍ਹਾਂ ਨੂੰ ਤੰਦਰੁਸਤ ਰਹਿਣ ਲਈ ਲੋੜ ਹੈ ਅਤੇ ਅਜਿਹਾ ਹੈਲਥ ਕੇਅਰ ਸਿਸਟਮ ਦੇ ਕੇ ਕੀਤਾ ਜਾ ਰਿਹਾ ਹੈ ਜਿਹੜਾ ਆਉਣ ਵਾਲੀਆਂ ਪੀੜ੍ਹੀਆਂ ਲਈ ਕਾਇਮ ਰਹਿਣ ਯੋਗ ਹੋਵੇਗਾ।

**ਹਵਾਲੇ**

"ਓਨਟੇਰੀਓ ਅਜਿਹੇ ਹੈਲਥ ਕੇਅਰ ਸਿਸਟਮ ਲਈ ਵਚਨਬੱਧ ਹੈ ਜਿਹੜਾ ਅਸਲੀ ਸ਼ਬਦਾਂ ਵਿਚ ਮਰੀਜ਼ਾਂ ਨੂੰ ਪਹਿਲ ਦਿੰਦਾ ਹੈ। ਇਸ ਦਾ ਮਤਲਬ ਹੈ ਕਿ ਮਰੀਜ਼ਾਂ ਦੀ ਮੁਢਲੇ ਇਲਾਜ ਤੱਕ ਤੇਜ਼ ਪਹੁੰਚ ਭਾਵੇਂ ਉਹ ਕਿੱਥੇ ਵੀ ਰਹਿੰਦੇ ਹੋਣ ਅਤੇ ਅਜਿਹਾ ਸਿਸਟਮ ਜਿਹੜਾ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਉੱਥੇ ਹੋਵੇਗਾ। ਉਨ੍ਹਾਂ ਹਜ਼ਾਰਾਂ ਓਨਟੇਰੀ-ਅਨਾਂ ਦਾ ਬਹੁਤ ਬਹੁਤ ਧੰਨਵਾਦ ਜਿਨ੍ਹਾਂ ਨੇ ਇਸ ਮਹੱਤਵਪੂਰਨ ਕਾਨੂੰਨ ਨੂੰ ਤਿਆਰ ਕਰਨ ਵਿਚ ਆਪਣਾ ਕੀਮਤੀ ਯੋਗਦਾਨ ਪਾਇਆ। ਰਲ ਕੇ ਅਸੀਂ ਓਨਟੇਰੀਓ ਦੇ ਹੈਲਥ ਹੇਅਰ ਸਿਸਟਮ ਨੂੰ ਸੁਧਾਰਨਾ ਜਾਰੀ ਰੱਖਾਂਗੇ ਤਾਂ ਜੋ ਇਹ ਦੁਨੀਆ ਦੇ ਸਭ ਤੋਂ ਵਧੀਆ ਸਿਸਟਮਾਂ ਵਿੱਚੋਂ ਇਕ ਬਣਿਆ ਰਹੇ।"
-ਡਾਕਟਰ ਐਰਿਕ ਹੌਸਕਿਨਜ਼, ਮਨਿਸਟਰ ਔਫ ਹੈਲਥ ਐਂਡ ਲੌਂਗ-ਟਰਮ ਕੇਅਰ

"ਜਦੋਂ ਅਸੀਂ ਜਾਂ ਸਾਡਾ ਕੋਈ ਪਿਆਰਾ ਬੀਮਾਰ ਹੁੰਦੇ ਹਾਂ ਤਾਂ ਅਸੀਂ ਸਾਡੇ ਸਿਹਤ ਸੇਵਾਵਾਂ ਦੇਣ ਵਾਲਿਆਂ 'ਤੇ ਇਹ ਭਰੋਸਾ ਕਰਨ ਦੇ ਯੋਗ ਹੋਣਾ ਚਾਹੁੰਦੇ ਹਾਂ ਕਿ ਅਸੀਂ ਸੰਭਾਲ ਦੇ ਢੁਕਵੇਂ ਪੱਧਰ ਤੱਕ ਕੁਸ਼ਲਤਾਪੂਰਬਕ ਅਤੇ ਇਕਸਾਰਤਾ ਨਾਲ ਪਹੁੰਚ ਕਰਨ ਦੇ ਯੋਗ ਹੋਵਾਂਗੇ। ਫੈਮਿਲੀ ਡਾਕਟਰ ਵਜੋਂ ਪ੍ਰੈਕਟਿਸ ਕਰਦਾ ਹੋਣ ਕਰਕੇ, ਮੈਨੂੰ ਇਹ ਦੇਖ ਕੇ ਖੁਸ਼ੀ ਹੋ ਰਹੀ ਹੈ ਕਿ ਓਨਟੇਰੀਓ ਦੀ ਸਰਕਾਰ ਅਜਿਹਾ ਕਾਨੂੰਨ ਪੇਸ਼ ਕਰ ਰਹੀ ਹੈ ਜਿਹੜਾ ਮਰੀਜ਼ਾਂ ਦੀ ਮਦਦ ਕਰਨ ਵਾਲੇ ਜ਼ਿਆਦਾ ਸੰਪੂਰਨ ਸਿਸਟਮ ਵਿਚ ਕੰਮ ਕਰਨ ਲਈ ਮੁਢਲੀ ਸਿਹਤ ਸੰਭਾਲ ਵਿਚ ਸਾਡੀ ਸਾਰਿਆਂ ਦੀ ਮਦਦ ਕਰੇਗਾ।"
-ਡਾਕਟਰ, ਡੇਵਿਡ ਪ੍ਰਾਈਸ, "ਪੇਸ਼ੈਂਟ ਕੇਅਰ ਗਰੁੱਪਸ: ਏ ਨਿਊ ਮਾਡਲ ਔਫ ਪਾਪੂਲੇਸ਼ਨ ਬੇਸਡ ਪ੍ਰਾਇਮਰੀ ਹੈਲਥ ਕੇਅਰ ਫਾਰ ਓਨਟੇਰੀਓ" ਦਾ ਸਹਿ-ਲੇਖਕ।

"ਸਿਹਤ ਬਰਾਬਰਤਾ ਅਤੇ ਸਿਹਤ ਦੇ ਸਮਾਜਿਕ ਪੱਖਾਂ ਨੂੰ ਪੇਸ਼ੈਂਟਸ ਫਸਟ ਐਕਟ ਵਿਚ ਯਕੀਨੀ ਬਣਾਉਣਾ, ਕਾਇਆ-ਕਲਪ ਕਰਨ ਵਾਲੀ ਇਕ ਅਜਿਹੀ ਤਬਦੀਲੀ ਪ੍ਰਾਪਤ ਕਰਨ ਲਈ ਇਕ ਮਜ਼ਬੂਤ ਕਾਨੂੰਨੀ ਢਾਂਚਾ ਤਹਿ ਕਰਦਾ ਹੈ ਜਿਹੜਾ ਓਨਟੇਰੀਓ ਦੇ ਹੈਲਥ ਕੇਅਰ ਸਿਸਟਮ ਵਿਚ ਲੋਕਾਂ ਅਤੇ ਕਮਿਊਨਟੀਆਂ ਨੂੰ ਪਹਿਲ ਦਿੰਦਾ ਹੈ।"
-ਐਡਰੀਆਨਾ ਟੈਟਲੀ, ਚੀਫ ਇਗਜ਼ੈਕਟਿਵ ਔਫੀਸਰ, ਐਸੋਸੀਏਸ਼ਨ ਔਫ ਓਨਟੇਰੀਓ ਹੈਲਥ ਸੈਂਟਰਜ਼

**ਕੁਝ ਤੱਥ**

- ਓਨਟੇਰੀਓ ਹਰ ਸਾਲ 700 ਹੋਰ ਡਾਕਟਰਾਂ ਦੇ ਵਾਧੇ ਦੀ ਵਿਉਂਤ ਬਣਾ ਰਿਹਾ ਹੈ।
- 94 ਪ੍ਰਤੀਸ਼ਤ ਓਨਟੇਰੀਅਨਾਂ ਕੋਲ ਹੁਣ ਫੈਮਿਲੀ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਹੈ। ਮਰੀਜ਼ ਪਹਿਲਾਂ: ਸਿਹਤ ਸੰਭਾਲ ਲਈ ਐਕਸ਼ਨ ਪਲੈਨ ਰਾਹੀਂ ਓਨਟੇ-ਰੀਓ ਹਰ ਉਸ ਨੂੰ ਕਿਸੇ ਫੈਮਿਲੀ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਨਾਲ ਜੋੜਨ ਲਈ ਵਚਨਬੱਧ ਹੈ ਜਿਹੜਾ ਇਕ ਚਾਹੁੰਦਾ ਹੈ।
- ਸਾਲ 2015 ਵਿਚ, ਓਨਟੇਰੀਓ ਵਿਚ 205 ਨਰਸ ਪ੍ਰੈਕਟੀਸ਼ਨਰਾਂ ਦਾ ਵਾਧਾ ਹੋਇਆ।
- ਪਿਛਲੇ ਦਹਾਕੇ ਵਿਚ ਘਰ ਅਤੇ ਕਮਿਊਨਟੀ ਵਿਚ ਸੰਭਾਲ ਵਿਚ ਪੂੰਜੀ-ਨਿਵੇਸ਼ 90 ਪ੍ਰਤੀਸ਼ਤ ਵਧਿਆ ਹੈ।
- ਹੈਲਥ ਕੇਅਰ ਸਿਸਟਮ ਵਿਚ ਤਜਵੀਜ਼ਸ਼ੁਦਾ ਸੁਧਾਰਾਂ ਦੀ ਸੂਚਨਾ ਦੇਣ ਵਿਚ ਮਦਦ ਲਈ ਮਨਿਸਟਰੀ ਨੇ ਸੂਬੇ ਭਰ ਵਿਚ 6000 ਨਾਲੋਂ ਜ਼ਿਆਦਾ ਵਿਅਕਤੀ-ਆਂ ਅਤੇ ਸੰਸਥਾਵਾਂ ਨਾਲ ਵੱਡੇ ਪੱਧਰ 'ਤੇ ਅੰਗਰੇਜ਼ੀ ਅਤੇ ਫਰੈਂਚ ਵਿਚ ਸਲਾਹ-ਮਸ਼ਵਰਾ ਕੀਤਾ ਹੈ।
- ਐੱਲ ਐੱਚ ਆਈ ਐਨਜ਼ ਪਲੈਨ, ਲੋਕਲ ਹੈਲਥ ਕੇਅਰ ਸਿਸਟਮ ਨੂੰ ਇਕੱਠਾ ਕਰਦੀ ਹੈ ਅਤੇ ਇਸ ਨੂੰ ਫੰਡ ਦਿੰਦੀ ਹੈ, ਜਿਸ ਨਾਲ ਮਰੀਜ਼ਾਂ ਦੀ ਸੰਭਾਲ ਤੱਕ ਪਹੁੰਚ ਅਤੇ ਤਜਰਬੇ ਵਿਚ ਸੁਧਾਰ ਹੁੰਦਾ ਹੈ।
- ਜੇ ਪਾਸ ਹੋ ਗਿਆ ਤਾਂ ਨਵਾਂ ਕਾਨੂੰਨ, ਹੋਰਨਾਂ ਐਕਟਾਂ ਦੇ ਨਾਲ ਨਾਲ, ਪੁਰਾਣੇ ਲੋਕਲ ਹੈਲਥ ਸਿਸਟਮ ਇਨਟੈਗਰੇਸ਼ਨ ਐਕਟ, 2006 ਅਤੇ ਹੋਮ ਕੇਅਰ ਅਤੇ ਕਮਿਊਨਟੀ ਸਰਵਿਸਿਜ਼ ਐਕਟ, 1994 ਦੀ ਥਾਂ ਲਵੇਗਾ।
- ਜੇ ਪਾਸ ਹੋ ਗਿਆ ਤਾਂ ਓਨਟੇਰੀਓ ਤਿੰਨ ਸਾਲਾਂ ਵਿਚ ਪੇਸ਼ੈਂਟਸ ਫਸਟ ਐਕਟ ਦਾ ਰਿਵੀਊ ਸ਼ੁਰੂ ਕਰੇਗਾ।

**ਹੋਰ ਜਾਣੋ**

ਮਰੀਜ਼ ਪਹਿਲਾਂ: ਓਨਟੇਰੀਓ ਵਿਚ ਮਰੀਜ਼ 'ਤੇ ਕੇਂਦਰਿਤ ਸਿਹਤ ਸੰਭਾਲ ਨੂੰ ਮਜ਼ਬੂਤ ਕਰਨ ਲਈ ਤਜਵੀਜ਼ ਦੀ ਰਿਪੋਰਟ ਦੇਣਾ
Patients First: Reporting Back on the Proposal to Strengthen Patient-Centred Health Care in Ontario

ਮਰੀਜ਼ ਪਹਿਲਾਂ: ਓਨਟੇਰੀਓ ਵਿਚ ਮਰੀਜ਼ 'ਤੇ ਕੇਂਦਰਿਤ ਸਿਹਤ ਸੰਭਾਲ ਨੂੰ ਮਜ਼ਬੂਤ ਕਰਨ ਲਈ ਤਜਵੀਜ਼
Patients First: A Proposal to Strengthen Patient-Centred Health Care in Ontario

ਮਰੀਜ਼ ਪਹਿਲਾਂ: ਸਿਹਤ ਸੰਭਾਲ ਲਈ ਐਕਸ਼ਨ ਪਲੈਨ - ਪਹਿਲੇ ਸਾਲ ਦੇ ਨਤੀਜੇ
Patients First: Action Plan for Health Care -- Year One Results

ਮਰੀਜ਼ ਪਹਿਲਾਂ: ਸਿਹਤ ਸੰਭਾਲ ਲਈ ਐਕਸ਼ਨ ਪਲੈਨ
Patients First: Action Plan for Health Care

ਲੋਕਲ ਹੈਲਥ ਇਨਟੈਗਰੇਸ਼ਨ ਨੈੱਟਵਰਕਸ
Local Health Integration Networks

**ਪਬਲਿਕ ਇਨਕੁਆਰੀਆਂ ਲਈ ਸਰਵਿਸਓਨਟੇਰੀਓ, ਇਨਫੋਲਾਈਨ ਨੂੰ 1-866-532-3161 'ਤੇ ਫੋਨ ਕਰੋ (ਸਿਰਫ ਓਨਟੇਰੀਓ ਵਿਚ ਮੁਫ਼ਤ)**

ਸ਼ਾਏ ਗਰੀਨਫੀਲਡ, ਮਨਿਸਟਰ ਦਾ ਦਫਤਰ, 416-325-5230
ਡੇਵਿਡ ਜੈਨਸਨ, ਮਨਿਸਟਰੀ ਔਫ ਹੈਲਥ ਐਂਡ ਲੌਂਗ-ਟਰਮ ਕੇਅਰ,
416-314-6197

**ontario.ca/health-news**
*Disponible en français*